# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਈ-ਬਲਾਕ, ਪੰਜਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ ਨਗਰ (ਮੋਹਾਲੀ)।
ਫੋਨ ਨੰ:0172-5212345/349,ਈ-ਮੇਲ: rmsa.civilworks@punjabeducation.gov.in

ICT 19/8/22

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।
ਮੀਮੋ ਨੰ.Samagra/Smart School/305376/2022/119647
ਮਿਤੀ: 19.05.2022

**ਵਿਸ਼ਾ :- ਇੱਕੋ ਕੰਪਲੈਕਸ ਵਿੱਚ ਚੱਲ ਰਹੇ ਅੱਪਰ ਪ੍ਰਾਇਮਰੀ ਸਕੂਲਾਂ ਦਾ Internet connection ਪ੍ਰਾਇਮਰੀ ਸਕੂਲਾਂ ਨਾਲ ਸਾਂਝਾ ਕਰਨ ਸਬੰਧੀ।**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਵਿਭਾਗ ਵਲੋਂ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਖੇ ਵਿਦਿਆਰਥੀਆਂ ਨੂੰ ਈ-ਕੰਟੈਂਟ ਰਾਹੀ ਪੜ੍ਹਾਈ ਕਰਵਾਉਣ ਅਤੇ ਹੋਰ ਦਫਤਰੀ ਕੰਮਾਂ ਲਈ ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਕੰਪਿਊਟਰ ਦਿੱਤੇ ਗਏ ਹਨ। ਕੰਪਿਊਟਰਾਂ ਵਿਚ ਵਿਭਾਗ ਵਲੋਂ ਤਿਆਰ ਕੀਤਾ ਈ-ਕੰਟੈਂਟ pre-install ਕਰ ਕੇ ਦਿੱਤਾ ਗਿਆ ਹੈ।

3.0 ਪ੍ਰੰਤੂ ਪ੍ਰਾਇਮਰੀ ਸਕੂਲਾਂ ਵਿਚ ਕੰਮ ਕਰ ਰਹੇ ਸਕੂਲ ਮੁੱਖੀਆਂ ਵਲੋਂ ਦਫਤਰ ਦੇ ਧਿਆਨ ਵਿਚ ਲਿਆਦਾ ਹੈ ਕਿ ਪ੍ਰਾਇਮਰੀ ਸਕੂਲਾਂ ਵਿੱਚ Internet ਦੀ ਸੁਵਿਧਾ ਉਪਲੱਬਧ ਨਹੀ ਹੈ। ਜਿਸ ਕਰਕੇ ਪ੍ਰਾਇਮਰੀ ਪੱਧਰ ਤੇ Online ਸਿੱਖਿਆ ਅਤੇ Online ਦਫਤਰੀ ਕੰਮ ਜਿਵੇਂ ਈ ਪੰਜਾਬ ਵਿੱਚ ਬੱਚਿਆਂ ਦੇ ਦਾਖਲੇ/ਅਪਡੇਸ਼ਨ, ਪੀ.ਐਫ.ਐਮ.ਐਸ ਦਾ ਕੰਮ, ਪੰਜਵੀ ਜਮਾਤ ਦੇ ਵਿਦਿਆਰਥੀਆਂ ਦੇ ਨੰਬਰ ਆਦਿ Upload ਕਰਨ ਲਈ Internet ਸੁਵਿਧਾ ਦੀ ਬਹੁਤ ਜਰੂਰਤ ਹੈ।

4.0 ਉਨ੍ਹਾਂ ਵਲੋਂ ਬੇਨਤੀ ਕੀਤੀ ਗਈ ਹੈ ਕਿ ਜਿਹੜੇ ਪ੍ਰਾਇਮਰੀ ਸਕੂਲ ਅੱਪਰ ਪ੍ਰਾਇਮਰੀ ਸਕੂਲਾਂ ਦੇ ਨਾਲ ਇੱਕੋਂ ਹੀ ਕੈਂਪਸ ਵਿਚ ਚੱਲ ਰਹੇ ਹਨ। ਉਨ੍ਹਾਂ ਅੱਪਰ ਪ੍ਰਾਇਮਰੀ ਸਕੂਲਾਂ ਦੀ Internet ਸੁਵਿਧਾ ਪ੍ਰਾਇਮਰੀ ਸਕੂਲਾਂ ਨਾਲ ਸਾਂਝੀ ਕਰ ਦਿੱਤੀ ਜਾਵੇ ਤਾਂ ਜੋ ਪ੍ਰਾਇਮਰੀ ਸਕੂਲਾ ਉਕਤ ਦਰਸਾਏ ਗਏ ਕੰਮਾਂ ਲਈ Internet ਪੱਧਰ ਤੇ Online ਮੁਸ਼ਕਿਲਾਂ ਦਾ ਹੱਲ ਹੋ ਸਕੇ।

5.0 ਉਕਤ ਦੇ ਸਨਮੁੱਖ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਜਿਲ੍ਹੇ ਦੇ ਇੱਕੋਂ ਕੰਪਲੈਕਸ ਵਿਚ ਚੱਲ ਰਹੇ ਸਾਰੇ ਅੱਪਰ ਪ੍ਰਾਇਮਰੀ ਸਕੂਲਾਂ ਦੀ Internet ਸੁਵਿਧਾ ਸਾਰੇ ਪ੍ਰਾਇਮਰੀ ਸਕੂਲਾਂ ਨਾਲ ਸਾਂਝੀ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

ਪਿੱਠ ਅੰਕਣ ਨੰ. ਉੱਕਤ ਮਿਤੀ 19.05.2022

ਉੱਕਤ ਦਾ ਉਤਾਰਾ ਹੇਠ ਲਿੱਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿੱਖਿਆ ਅਫਸਰ (ਐ.ਸਿ)
2. ਬੀ.ਪੀ.ਈ.ਓ.
3. ਸੰਬੰਧਤ ਸਕੂਲ ਮੁੱਖੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ

ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ) ਅੰਮ੍ਰਿਤਸਰ
ਪੱਤਰ ਨੰ. ਆ.ਈ.ਸੀ.ਟੀ./ਇੰਟਰਨੈੱਟ/2022/17874 ਮਿਤੀ 19.05.2022

ਉਪਰੋਕਤ ਦਾ ਉਤਾਰਾ ਸੰਬੰਧਿਤ ਅੱਪਰ ਪ੍ਰਾਇਮਰੀ ਸਕੂਲਾਂ ਦੇ ਮੁਖੀਆਂ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਜਿਲ੍ਹੇ ਵਿਚ ਇੱਕੋ ਕੰਪਲੈਕਸ ਵਿੱਚ ਚੱਲ ਰਹੇ ਸਾਰੇ ਅੱਪਰ ਪ੍ਰਾਇਮਰੀ ਸਕੂਲਾਂ ਦੀ Internet ਸੁਵਿਧਾ ਸਾਰੇ ਪ੍ਰਾਇਮਰੀ ਸਕੂਲਾਂ ਨਾਲ ਤੁਰੰਤ ਸਾਂਝੀ ਕੀਤੀ ਜਾਵੇ।

19/05/22
ਜਿਲ੍ਹਾ ਸਿੱਖਿਆ ਅਫ਼ਸਰ (ਸੈ. ਸਿ) ਅੰਮ੍ਰਿਤਸਰ

Scanned with CamScanner